International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

# ਵਿਰਾਟ ਪ੍ਰਸ਼ਨਾਂ ਨੂੰ ਮੁਖ਼ਾਤਿਬ ਹੁੰਦੀ ਕਵਿੰਦਰ ਚਾਂਦ ਦੀ ਸ਼ਾਇਰੀ

ਪ੍ਰੋ. ਹਿਰਦੇਪਾਲ ਸਿੰਘ
ਪੰਜਾਬੀ ਵਿਭਾਗ
ਮਹਾਰਾਜਾ ਰਣਜੀਤ ਸਿੰਘ ਕਾਲਜ, ਮਲੋਟ

ਆਧੁਨਿਕ ਪੰਜਾਬੀ ਕਵਿਤਾ ਦੇ ਪਿਛਲੇ ਦੋ ਦਹਾਕੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ ਕਿਉਂਕਿ ਇਹਨਾਂ ਦੋ ਦਹਾਕਿਆਂ ਵਿੱਚ ਪੰਜਾਬੀ ਕਵਿਤਾ ਕਿਸੇ ਇੱਕ ਵਿਚਾਰਧਾਰਾ ਨਾਲੋਂ ਆਪਣਾ ਪੱਲਾ ਛੁੜਾ ਕੇ ਕਈ ਵਿਚਾਰਧਾਰਾਵਾਂ ਦੇ ਲੜ ਲੱਗਦੀ ਹੈ , ਜਿਸ ਦੇ ਚਲਦਿਆਂ ਨਵੇਂ ਚਿੰਤਨ ਮਾਡਲ ਉੱਭਰਦੇ ਹਨ। ਇਹਨਾਂ ਦੋ ਦਹਾਕਿਆਂ ਵਿੱਚ ਰਚੀ ਗਈ ਪੰਜਾਬੀ ਕਵਿਤਾ ਵਿਅਕਤੀਗਤ ਵੀ ਹੈ ਤੇ ਸਮੂਹਿਕ ਵੀ, ਕਾਲਿਕ ਵੀ ਹੈ ਤੇ ਬਹੁਕਾਲਿਕ ਵੀ, ਭਾਵੁਕ ਵੀ ਹੈ ਤੇ ਯਥਾਰਥਕ ਵੀ। ਇਹੀ ਕਾਰਨ ਹੈ ਕਿ ਇਸ ਸਮਕਾਲੀਨ ਦੌਰ ਨੂੰ ਕੋਈ ਸਾਂਝਾ ਨਾਂ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਸ ਦੌਰ ਦੇ ਦਰਜਨਾਂ ਸਮਰੱਥ ਕਵੀ ਬਣ ਚੁੱਕੀਆਂ ਤੇ ਬਣ ਰਹੀਆਂ ਪ੍ਰਸਥਿਤੀਆਂ ਨਾਲ ਸੰਵਾਦ ਰਚਾ ਰਹੇ ਹਨ ਤੇ ਇਸ ਸੰਵਾਦ ਦੀ ਖ਼ੂਬੀ ਇਹੀ ਹੈ ਕਿ ਇਹ ਸੰਵਾਦ ਆਪਣੇ ਆਪ ਨਾਲ ਵੀ ਹੈ ਤੇ ਬਾਹਰੀ ਪ੍ਰਭਾਵਾਂ ਨਾਲ ਵੀ। ਇਸ ਕਵਿਤਾ ਵਿੱਚ ਜਿਹੜਾ ਨੁਕਤਾ ਸਾਂਝੇ ਰੂਪ ਵਿੱਚ ਉੱਭਰਦਾ ਹੈ ਉਹ ਨੁਕਤਾ ਹੈ ; ਭਰਮ ਮੁਕਤ ਵਾਸਤਵਿਕਤਾ ਦੀ ਤਲਾਸ਼। ਇਸ ਤਲਾਸ਼ ਵਿੱਚ ਲੱਗੇ ਦਰਜਨਾਂ ਸ਼ਾਇਰਾਂ ਵਿੱਚੋਂ ਇੱਕ ਚਰਚਿਤ ਨਾਂ ਹੈ 'ਕਵਿੰਦਰ ਚਾਂਦ'। 'ਕਵਿੰਦਰ ਚਾਂਦ' ਆਪਣੇ ਪਿਤਾ ਸ. ਚਰਨ ਸਿੰਘ 'ਚਰਨ' ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ 2004 ਵਿੱਚ 'ਅਸ਼ਰਫ਼ੀਆਂ' ਰਾਹੀਂ ਪੰਜਾਬੀ ਕਾਵਿ-ਜਗਤ ਵਿੱਚ ਪੈਰ ਧਰਦਾ ਹੈ, ਜਿਸ ਬਾਰੇ 'ਸੁਰਜੀਤ ਪਾਤਰ' ਲਿਖਦੇ ਹਨ :- "ਕਵਿੰਦਰ ਚਾਂਦ ਦਾ ਇਹ ਗ਼ਜ਼ਲ ਸੰਗ੍ਰਹਿ ਇਸ ਆਸ ਤੇ ਇਸ ਆਭਾਸ ਨਾਲ ਭਰ ਦਿੰਦਾ ਹੈ ਕਿ ਇਨ੍ਹਾਂ ਗ਼ਜ਼ਲਾਂ ਦਾ ਸਿਰਜਕ ਗ਼ਜ਼ਲਗੋਈ ਦੀ ਰੂਹ ਦਾ ਮਹਿਰਮ ਵੀ ਹੈ ਤੇ ਗ਼ਜ਼ਲ ਸਿਰਜਣਾ ਦੀ ਸਮਰੱਥਾ ਨਾਲ ਭਰਪੂਰ ਵੀ।[1] ਉਹ ਗ਼ਜ਼ਲ ਕਹਿਣ ਦਾ ਹੁਨਰ ਵੀ ਜਾਣਦਾ ਹੈ ਅਤੇ ਆਪਣੇ ਅਹਿਸਾਸਾਂ, ਭਾਵਾਂ ਤੇ ਵਿਚਾਰਾਂ ਨੂੰ ਸ਼ਬਦਾਂ ਵਿੱਚ ਸੰਭਾਲਣਾ ਵੀ ਜਾਣਦਾ ਹੈ। [2]

ਆਪਣੇ ਪਹਿਲੇ ਗ਼ਜ਼ਲ ਸੰਗ੍ਰਹਿ 'ਅਸ਼ਰਫ਼ੀਆਂ' ਰਾਹੀਂ 'ਕਵਿੰਦਰ ਚਾਂਦ' ਨਵੇਂ ਹਸਤਾਖ਼ਰਾਂ ਤੋਂ ਪ੍ਰੌੜ ਸ਼ਾਇਰਾਂ ਦਾ ਸਫ਼ਰ ਤਹਿ ਕਰ ਲੈਂਦਾ ਹੈ ਤੇ ਦੂਜੀ ਕਾਵਿ-ਪੁਸਤਕ 'ਬੰਸਰੀ ਕਿੱਧਰ ਗਈ' ਉਸਦੀ ਅੰਤਰ ਬੋਧਤਾ ਦੀ ਗਹਿਰਾਈ ਨੂੰ ਹੋਰ ਗਹਿਰਾ ਕਰਦੀ ਹੈ। ਉਸਦਾ ਆਪਣਾ ਕਥਨ ਹੈ :- " ਬ੍ਰਹਿਮੰਡ ਵਿੱਚ ਖਿਲਰੇ ਕਾਵਿ-ਕਣਾਂ ਨੂੰ ਚੁਗ ਕੇ, ਕੁਦਰਤ ਤੇ ਮਨੁੱਖਤਾ ਦੇ ਦੁੱਖ ਸੁੱਖ ਨੂੰ ਸ਼ਬਦਾਂ ਦੀ ਮਾਲਾ ਵਿੱਚ ਪਰੋ ਕੇ ਪੇਸ਼ ਕਰ ਸਕਾਂ ਤਾਂ ਜੋ ਮੇਰੀ ਕਵਿਤਾਕਾਰੀ ਮਹਿਜ਼ ਦਿਲਾਂ ਦੀਆਂ ਹੀ ਨਹੀਂ ਸਗੋਂ ਚਿੰਤਨ ਦੀਆਂ ਤਾਰਾਂ ਵੀ ਛੇੜ ਸਕੇ, ਬਸ ਇਹੋ ਮੇਰਾ ਯਤਨ ਰਿਹਾ ਹੈ। [3]

ਕਵਿੰਦਰ ਚਾਂਦ ਸ਼ਬਦਾਂ ਨਾਲ ਸੁੱਚਾ ਮੋਹ ਪਾਲਦਾ ਹੈ , ਉਹ ਜ਼ਿੰਦਗੀ ਦੀ ਵਿਸ਼ਾਲਤਾ ਅਤੇ ਸੁਚੱਜਤਾ ਨੂੰ ਆਪਣੇ ਕਲਾਵੇ ਵਿੱਚ ਭਰਦਾ ਹੈ। ਉਹ ਅਸਮਾਨੀ ਤਾਰੇ ਤੋੜਨ ਨਾਲੋਂ ਧਰਤੀ 'ਤੇ ਫੁੱਲਾਂ ਲਈ ਜ਼ਮੀਨ ਭਾਲਦਾ ਹੈ ਤੇ ਇਸੇ ਭਾਲ ਵਿੱਚ ਉਹ ਆਪਣੀ ਚੇਤਨਾ ਬਾਰੇ ਜਾਣਦਾ ਹੈ ਤੇ ਸ਼ਬਦਾਂ ਦੇ ਕਰਜ਼ ਦੀ ਗੱਲ ਕਰਦਾ ਆਖਦਾ ਹੈ :-

● ਚੇਤਨਾ ਦੀ ਟੀਸ ਹਾਂ ਸ਼ਬਦਾਂ 'ਚ ਘੁਲ ਜਾਵਾਂ ਕਿਵੇਂ,
ਗੀਤ ਬਣ ਜਾਵਾਂ ਕਿਵੇਂ ਬ੍ਰਹਿਮੰਡ ਮਹਿਕਾਵਾਂ ਕਿਵੇਂ
ਰਾਤ ਫਿਰ ਸ਼ਬਦਾਂ ਨੇ ਮੈਥੋਂ ਕਰਜ਼ ਅਪਣਾ ਮੰਗਿਆ

ਆਪਣਾ ਆਪਾ ਮੈਂ ਗ਼ਜ਼ਲਾਂ ਵਿੱਚ ਮੜ੍ਹਵਾਵਾਂ ਕਿਵੇਂ (4)

ਇਹਨਾਂ ਸ਼ੇਅਰਾਂ ਵਿੱਚ ਕਵਿੰਦਰ ਚਾਂਦ ਦੀ ਸ਼ਬਦ ਸਿਰਜਣਾ ਹੋਰ ਰੌਸ਼ਨਮਈ ਹੁੰਦੀ ਦਿਖਾਈ ਦਿੰਦੀ ਹੈ। ਉਸਦੀਆਂ ਗ਼ਜ਼ਲਾਂ ਵਿੱਚ ਜ਼ਿਕਰਾਂ ਦੀ ਥਾਂ ਫ਼ਿਕਰਾਂ ਨੂੰ ਪਹਿਲ ਮਿਲਦੀ ਹੈ। ਉਹ ਕੁੜੀਆਂ- ਧੀਆਂ- ਧਿਆਣੀਆਂ- ਔਰਤਾਂ ਦੇ ਹੱਕਾਂ ਦੀ ਗੱਲ ਕਰਦਾ ਲਿਖਦਾ ਹੈ :-

● ਕੁੜੀਓ ਚਿੜੀਓ ਸੋਨੇ ਦੇ ਪਿੰਜਰੇ ਮੂਹਰੇ,
ਅਕਸਰ ਹੀ ਕੁਝ ਚੋਗ ਖਿਲਾਰੇ ਹੁੰਦੇ ਨੇ (5)

● ਹੈ ਫ਼ਿਜ਼ਾ ਬੇਆਬਰੂ ਏਥੇ ਨਜ਼ਰ ਨਜ਼ਰ ਨਾਪਾਕ ਹੈ
ਕੰਜਕੋ ਮਰਜਾਣੀਓ ਮੁਟਿਆਰ ਨਾ ਬਣਨਾ ਕਦੇ (6)

● ਹਾਏ ! ਇੱਕ ਮੰਗਤੀ ਕਿਵੇਂ ਜਰਦੀ ਰਹੀ
ਤੀਰ ਭੁੱਖੇ ਪੇਟ ਸ਼ਾਹ ਦੀ ਝਾਤ ਦਾ (7)

'ਕਵਿੰਦਰ ਚਾਂਦ' ਆਪਣੀ ਕਲਮ ਰਾਹੀਂ ਉਹਨਾਂ ਮਸਲਿਆਂ ਨੂੰ ਛੇੜਦਾ ਹੈ ਜਿਹੜੇ ਮਨੁੱਖ ਅੰਦਰੋਂ ਮਨੁੱਖਤਾ ਨੂੰ ਖੋਰ ਰਹੇ ਹਨ। 'ਚਾਂਦ' ਦੀ ਰਚਨਾ ਵਿੱਚ ਇਸ ਖੋਰੇ ਦਾ ਬੜਾ ਮਾਰਮਿਕ ਚਿਤਰਣ ਹੋਇਆ ਮਿਲਦਾ ਹੈ। 'ਚਾਂਦ' ਦੀ ਖਾਸੀਅਤ ਇਹ ਹੈ ਕਿ ਇਸ ਮਾਰਮਿਕ ਪ੍ਰਸਥਿਤੀ ਨੂੰ ਚਿਤਰਦੇ ਸਮੇਂ ਉਹ ਹਵਾ ਦਾ ਬੁੱਲ੍ਹਾ ਨਹੀਂ ਬਣਦਾ ਸਗੋਂ ਸਹਿਜਤਾ ਦਾ ਪੱਲਾ ਫੜਦਾ ਹੈ :-

● ਦਿਨਾਂ ਦੇ ਫਿਰਨ ਦੀ ਦੇਰੀ ਸੀ ਬਸ ਓਸ ਦੇ ਪਿੱਛੋਂ
ਬਦਲਦੇ ਖ਼ੂਨ ਦੇ ਰਿਸ਼ਤੇ ਤੇ ਅੱਖਾਂ ਫਿਰਦੀਆਂ ਦਿਸੀਆਂ (8)

● ਰਾਜੇ ਦੇ ਹਾਕਮ ਕਹਿੰਦੇ ਨੇ
ਮਜ਼ਦੂਰ ਤੇ ਹੈ ਹੁਣ ਖੁਸ਼ਹਾਲੀ
ਉਹਦੇ ਬਾਲ ਵੀ ਕੰਮ 'ਤੇ ਜਾਂਦੇ ਨੇ
ਤੇ ਮਿਲਦਾ ਰੋਜ਼ ਨਿਵਾਲਾ ਹੈ (9)

● ਇਸ ਚੋਂਦੇ ਹੋਏ ਮੁੜ੍ਹਕੇ ਦਾ
ਦੀਆਂ ਤੋਂ ਮੁੱਲ ਨਹੀਂ ਮਿਲਿਆ
ਕੀ ਕਰੀਏ ਗੱਲ ਪਸੀਨੇ ਦੀ
ਹੁਣ ਖ਼ੂਨ ਵੀ ਸੁੱਕਣ ਵਾਲਾ ਹੈ (10)

● ਨਗਰ ਦੇ ਦਾਨਵੀਰਾਂ ਨੇ ਬੜਾ ਹੀ ਆਸਰਾ ਦਿੱਤਾ

International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

ਖਿਡੌਣੇ ਦੀ ਜਗ੍ਹਾ ਬੱਚੇ ਨੂੰ ਇੱਕ ਠੂਠਾ ਫੜਾ ਦਿੱਤਾ (11)

'ਚਾਂਦ' ਫ਼ਿਕਰ ਦੀ ਬਾਂਹ ਫੜ੍ਹਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਇੱਥੇ ਮੁਕੰਮਲ ਤਾਣੀ ਉਲਝੀ ਪਈ ਹੈ ਸਮਾਜਿਕ ਸੰਗਠਨ ਉਲਾਂਭੇ ਦੇ ਰੂਪ ਵਿੱਚ ਬਦਲ ਗਿਆ ਹੈ। ਭ੍ਰਿਸ਼ਟਾਚਾਰ ਹੌਲੀ ਹੌਲੀ ਘੁਸਪੈਠ ਕਰਦਾ ਹੋਇਆ ਘਰਾਂ ਅੰਦਰ ਵੀ ਦਾਖ਼ਲ ਹੋਣ ਲੱਗ ਪਿਆ ਹੈ । ਵੱਧ ਰਹੇ ਜ਼ੁਰਮਾਂ ਨੇ ਆਮ ਬੰਦੇ ਦਾ ਜੀਉਣਾ ਦੁੱਭਰ ਕੀਤਾ ਹੋਇਆ ਹੈ । ਨਿਮਰਤਾ, ਸਹਿਜਤਾ, ਸਰਲਤਾ, ਸਹਿਣਸ਼ੀਲਤਾ, ਆਪਣਾਪਨ, ਸਾਦਗੀ, ਹਲੀਮੀ, ਅਜੋਕੇ ਦੌਰ ਵਿੱਚ ਆਪਣਾ ਰੂਪ ਅਤੇ ਹੋਂਦ ਬਦਲ ਚੁੱਕੇ ਹਨ। ਹੁਣ ਦਾ ਦੌਰ ਚਤਰ ਅਤੇ ਚਲਾਕ ਲੋਕਾਂ ਦਾ ਹੈ। ਸੁਹਜਤਾ ਕੁਹਜਤਾ ਵਿੱਚ ਤਬਦੀਲ ਹੋ ਚੁੱਕੀ ਹੈ। ਇਹਨਾਂ ਸਭਨਾਂ ਪ੍ਰਸਥਿਤੀਆਂ ਵਿੱਚ ਚੇਤੰਨ ਬੁੱਧ 'ਚਾਂਦ' ਸਮਾਜਿਕ ਤਬਦੀਲੀ ਦੀ ਆਸ ਕਰਦਾ ਹੈ :-

● ਹਰ ਸੀਨਾ ਧੁੱਖਦਾ ਧੁੱਖਦਾ ਹੈ
ਤੇ ਸੋਚਾਂ ਵਿੱਚ ਜਵਾਲਾ ਹੈ
ਇਕ ਚੀਜ਼ ਬਦਲਿਆਂ ਨਹੀਂ ਸਰਨਾ
ਇਹ ਢਾਂਚਾ ਬਦਲਣ ਵਾਲਾ ਹੈ (12)

ਸਮਕਾਲੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ 'ਕਵਿੰਦਰ ਚਾਂਦ' ਦੀ ਪੁਸਤਕ 'ਬੰਸਰੀ ਕਿੱਧਰ ਗਈ' ਮਹੱਤਵਪੂਰਨ ਕਹੀ ਜਾ ਸਕਦੀ ਹੈ। ਇਸ ਪੁਸਤਕ ਵਿਚਲੀਆਂ ਗ਼ਜ਼ਲਾਂ ਕਵਿਤਾਵਾਂ ਉਚੇਚੇ ਰੂਪ ਵਿੱਚ ਆਪਣਾ ਵਿਸ਼ਾ-ਖੇਤਰ ਚੁਣਦੀਆਂ ਹਨ ਤੇ ਕੁਝ ਵਿਸ਼ੇਸ਼ ਪ੍ਰਗਟ ਕਰਦੀਆਂ ਨਜ਼ਰ ਆਉਂਦੀਆਂ ਹਨ । ਇਹ ਰਚਨਾਵਾਂ ਜਿੱਥੇ ਜ਼ਿੰਦਗੀ ਦੇ ਕੇਂਦਰੀ ਪਾਸਾਰਾਂ ਦੁਆਲੇ ਘੁੰਮਦੀਆਂ ਹਨ ਉੱਥੇ ਗਹਿਰ-ਗੰਭੀਰ ਸਵਾਲਾਂ ਨੂੰ ਵੀ ਮੁਖ਼ਾਤਿਬ ਹੁੰਦੀਆਂ ਹਨ । 'ਚਾਂਦ' ਦੀਆਂ ਰਚਨਾਵਾਂ ਇਸ ਗੱਲ ਦੀਆਂ ਜ਼ਾਮਨ ਹਨ ਕਿ ਸਮਕਾਲ ਵਿੱਚ ਉੱਤਰ-ਆਧੁਨਿਕਤਾ ਦੇ ਨਾਂ ਥੱਲੇ ਜ਼ਿੰਦਗੀ ਮਕੈਨੀਕਲ ਰੂਟੀਨ ਵਿੱਚ ਬਦਲ ਰਹੀ ਹੈ ਤੇ ਰਿਸ਼ਤਿਆਂ ਦੀ ਮੋਹ-ਮੁਹੱਬਤ ਨੂੰ ਮਨਫ਼ੀ ਕਰ ਦਿੱਤਾ ਹੈ। ਇਸ ਦੌਰ ਨੇ ਸਾਧਨਾਂ ਵਿੱਚ ਬੇਸ਼ੁਮਾਰ ਵਾਧਾ ਕੀਤਾ ਹੈ ਤੇ ਇਹ ਸਾਡੇ ਸੱਭਿਆਚਾਰ ਨੂੰ ਨਿਘਲ ਰਿਹਾ ਹੈ ਤੇ ਅਜਿਹੇ ਸਮੇਂ ਇੱਕ ਕਵੀ ਦਾ ਸੁਆਲ ਕਰਨਾ ਕੁਦਰਤੀ/ਸੁਭਾਵਿਕ ਹੋ ਜਾਂਦਾ ਹੈ ਤੇ ਇਸੇ ਦੌਰਾਨ ਹੀ 'ਚਾਂਦ' ਆਖਦਾ ਹੈ :-

● ਇਹ ਵਿਸ਼ਵੀਕਰਨ, ਮੰਡੀਆਂ ਦੇ ਛਲਾਵੇ
ਮੇਰੇ ਘਰ ਦੇ ਅੰਦਰ ਧੁਸੀ ਜਾ ਰਹੇ ਨੇ
ਮਕਾਨਾਂ, ਦੁਕਾਨਾਂ 'ਤੇ ਕਬਜ਼ਾ ਇਨ੍ਹਾਂ ਦਾ
ਇਹ ਘਰ ਸਾਰੇ ਬਾਜ਼ਾਰ ਬਣ ਕੇ ਰਹਿਣਗੇ (13)

'ਕਵਿੰਦਰ ਚਾਂਦ' ਦੀਆਂ ਗ਼ਜ਼ਲਾਂ ਵਿੱਚ ਔਰਤ ਮਨ ਦੇ ਮਸਲਿਆਂ ਨੂੰ ਵੀ ਬੜੀ ਮਹੀਨਤਾ ਨਾਲ ਪ੍ਰਸਤੁਤ ਕੀਤਾ ਗਿਆ ਹੈ। ਉਹ ਉਹਨਾਂ ਸਮਾਜਿਕ- ਸੰਸਕ੍ਰਿਤਕ ਸੰਸਥਾਵਾਂ ਤੇ ਸਿਰਜਣਾਵਾਂ ਨੂੰ ਆਧਾਰ ਬਣਾਉਂਦਾ ਹੈ ਜਿਨ੍ਹਾਂ ਕਰਕੇ ਔਰਤ 'ਹਾਸ਼ੀਆਗ੍ਰਸਤ' ਹੋ ਰਹੀ ਹੈ।

● ਪਿਓ ਦੀ ਪੱਗ, ਘਰ ਦੀ ਲਾਜ਼, ਵਿੱਚੇ ਪਿਆਰ ਦੀ ਖੁਸ਼ਬੂ,
ਇਨ੍ਹਾਂ ਕੁੜੀਆਂ ਨੇ ਕੀ ਕੁਝ ਸਾਂਭਿਆ ਹੈ ਚੁੰਨ੍ਹੀਆਂ ਓਹਲੇ (14)

● ਰੋ ਰਹੀ ਦੁਲਹਨ ਦੇ ਮੂਹਰੇ, ਕੌਣ ਹੈ ਲਾੜੇ ਜਿਹਾ
ਵੇਖ ਕੇ ਬੁੱਢਾ ਵਪਾਰੀ ਚਾਰ ਲਾਵਾਂ ਹੱਸੀਆਂ (15)

'ਕਵਿੰਦਰ ਚਾਂਦ' ਦੀ ਰਚਨਾ ਜਾਣਦੀ ਹੈ ਸਮਾਜੀ ਰਿਸ਼ਤੇ ਆਪਣੀ ਹੋਂਦ, ਹੱਕ ਅਤੇ ਅਰਥ ਗੁਆ ਚੁੱਕੀ ਹੈ। ਸਾਰੀ ਤਾਣੀ ਹੀ ਉਲਝ ਚੁੱਕੀ ਹੈ ਤੇ ਸਮਾਜਿਕ ਸੰਗਠਨ ਉਲਾਂਭੇ ਤੋਂ ਵੱਧ ਕੁਝ ਨਹੀਂ ਰਿਹਾ। ਸਮਾਜਿਕ ਨਿਘਾਰਾਂ ਤੋਂ ਚਿੰਤਤ ਹੋਇਆ 'ਚਾਂਦ' ਅੰਦਰੋਂ ਅੰਤਾਂ ਦਾ ਪੀੜਤ ਦਿਖਾਈ ਦਿੰਦਾ ਹੈ। ਉਹ ਇਹਨਾਂ ਮਕਾਨਕੀ ਵਸਤਾਂ ਤੋਂ ਭੈ-ਭੀਤ ਹੈ ਜਿੰਨ੍ਹਾਂ ਨੇ ਮਨੁੱਖੀ ਜੀਵਨ, ਮਨੁੱਖਤਾ ਤੇ ਵਿਰਸੇ ਨੂੰ ਸ਼ੋਅਪੀਸ ਬਣਾ ਕੇ ਰੱਖ ਦਿੱਤਾ ਹੈ :-

ਨਾ ਤ੍ਰਿੰਞਣ ਨਾ ਤੀਆਂ ਰਹੀਆਂ
ਨਾ ਗੋਹਲੂ ਨਾ ਛਿੱਕੂ ਐਪਰ
ਪਿਆ ਵਿਰਾਸਤ ਮੇਲੇ ਅੰਦਰ
ਲੋਕੀਂ ਚਰਖਾ ਦੇਖ ਰਹੇ ਨੇ (16)

'ਕਵਿੰਦਰ ਚਾਂਦ' ਦੀ ਸਮੁੱਚੀ ਰਚਨਾ ਜ਼ਿੰਦਗੀ ਦੇ ਖੋਖਲੇਪਣ ਬਾਰੇ ਚਿੰਤਤ ਹੈ , ਇਹ ਖੋਖਲਾਪਣ ਸਮਾਜਿਕ-ਸੱਭਿਆਚਾਰਕ ਤੋਂ ਅਗਲੇਰੇ ਪੜ੍ਹਾਅ ਮਾਨਸਿਕਤਾ ਤੱਕ ਵੀ ਘਰ ਕਰ ਚੁੱਕਾ ਹੈ। ਉਸ ਦੀਆਂ ਰਚਨਾਵਾਂ ਸਮਾਜਿਕ ਦੁਆਰ ਦਿਖਾਉਂਦੀਆਂ ਪੰਜਾਬੀ ਮੁਹਾਵਰੇ ਵਿੱਚ ਢਲਦੀਆਂ ਸਾਦਗੀ, ਸਹਿਜਤਾ ਤੇ ਸਰਲਤਾ ਭਰਭੂਰ ਹਨ। ਉਸਦੀ ਰਚਨਾ ਜਿੱਥੇ ਬਾਹਰੀ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੈ ਉੱਥੇ ਉਸਦੀ ਇੱਕ ਸੁਰ ਸਹਿਜਤਾ ਨਾਲ ਵੀ ਜੁੜਦੀ ਹੈ। ਉਸਦੀ ਕਾਵਿ-ਭਾਸ਼ਾ ਇਤਿਹਾਸਕ ਗਤੀਸ਼ੀਲਤਾ ਦੇ ਸਦੀਵੀਂ ਅਰਥਾਂ ਨੂੰ ਆਪਣੇ ਅੰਦਰ ਸਮੋ ਕੇ ਆਪਣੇ ਸਮਕਾਲੀਨ ਸੰਦਰਭ ਤੋਂ ਪਾਰ ਜਾਣ ਦੀ ਸਮਰੱਥਾ ਰੱਖਦੀ ਹੈ। ਚਿੰਤਨ ਦੀ ਜਿਸ ਭਾਸ਼ਾ ਰਾਹੀਂ 'ਕਵਿੰਦਰ ਚਾਂਦ' ਕਾਵਿ-ਪ੍ਰਵਚਨ ਦੀ ਸਿਰਜਣਾ ਕਰ ਰਿਹਾ ਹੈ ਉਸ ਵਿੱਚ ਫਲਸਫਾ, ਵਿਚਾਰਧਾਰਾ, ਪਰੰਪਰਾ, ਸੰਵੇਦਨਾ, ਸਿਰਜਣਾ, ਬਿਰਤਾਂਤ ਆਦਿ ਮਾਨਵ-ਕੇਂਦਰਿਤ ਹੋ ਕੇ ਅਰਥ - ਗ੍ਰਹਿਣ ਕਰਦੇ ਹਨ। ਵਿਸ਼ਾਲ ਕੈਨਵਸ ਵਾਲੀ ਇਹ ਰਚਨਾ ਬਾਹਰੀ ਸਰਲਤਾ ਦੇ ਬਾਵਜੂਦ ਅੰਤਰੀਵ ਜਟਿਲਤਾ ਨਾਲ ਸੰਬੰਧ ਰੱਖਦੀ ਹੈ ਤੇ ਵਿਰਾਟ ਪ੍ਰਸ਼ਨਾਂ ਨੂੰ ਮੁਖ਼ਾਤਿਬ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. _ਰਜੀਤ ਪਾਤਰ, ਭੂਮਿਕਾ, ਅਸ਼ਰਫ਼ੀਆਂ, ਪੰਨਾ-9
2.ਉਹੀ, ਪੰਨਾ-8

International Journal of Research
*Special Issue for UGC Approved Journal-Punjabi Papers*
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

3. ਕਵਿੰਦਰ ਚਾਂਦ,ਸੂਤਰਧਾਰ, ਬੰਸਰੀ ਕਿੱਧਰ ਗਈ, ਪੰਨਾ-7
4. ਉਹੀ, ਅਸ਼ਰਫ਼ੀਆਂ, ਪੰਨਾ-32
5. ਉਹੀ, ਪੰਨਾ- 14
6. ਉਹੀ, ਪੰਨਾ- 15
7. ਉਹੀ, ਪੰਨਾ- 29
8. ਉਹੀ, ਬੰਸਰੀ ਕਿੱਧਰ ਗਈ, ਪੰਨਾ- 15
9. ਉਹੀ, ਪੰਨਾ- 25
10. ਉਹੀ, ਪੰਨਾ- 26
11. ਉਹੀ, ਪੰਨਾ- 27
12. ਉਹੀ, ਪੰਨਾ- 25
13. ਉਹੀ, ਪੰਨਾ- 40
14. ਉਹੀ, ਅਸ਼ਰਫ਼ੀਆਂ, ਪੰਨਾ- 11
15. ਉਹੀ, ਬੰਸਰੀ ਕਿੱਧਰ ਗਈ, ਪੰਨਾ- 23
16. ਉਹੀ, ਪੰਨਾ- 32